بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 05.01.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਅੱਜ ਰੱਬ ਦੀ ਮਿਹਰ ਨਾਲ ਧਰਤੀ ਦੇ ਧਰਾਤਲ'ਤੇ ਸਿਵਾਏ ਅਹਮਦੀਆਂ ਦੇ ਕੋਈ ਨਹੀਂ ਹੈ ਜੋ ਰੱਬ ਦੀ ਰਜ਼ਾ ਲਈ ਆਰਥਕ ਕੁਰਬਨੀ ਕਰਨ ਦੀ ਸੋਚ ਰਖੱਦਾ ਹੋਵੇ

**ਵਕਫ਼ੇ ਜਦੀਦ ਦੇ ਨਵੇਂ ਸਾਲ ਦਾ ਬਰਕਤਾਂ ਭਰਪੂਰ ਐਲਾਨ । ਜਮਾਤ ਦੇ ਲੋਕਾਂ ਨੇ ਬੀਤੇ ਸਾਲ 88 ਲੱਖ 62 ਹਜ਼ਾਰ ਪਾਊਂਡ ਦੀ ਆਰਥਕ ਕੁਰਬਾਨੀ ਪੇਸ਼ ਕੀਤੀ**

## ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿੱਚੋਂ ਵਕਫ਼ੇ ਜਦੀਦ ਵਿੱਚ ਆਰਥਕ ਕੁਰਬਾਨੀਆਂ ਦੇ ਮਨ ਮੋਹ ਲੈਂਣ ਵਾਲੀਆਂ ਗਲੱਾਂ ਦਾ ਦਿਲ ਖਿਚੱਵਾਂ ਵਰਨਣ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 05 ਜਨਵਰੀ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਕੁਰਆਨ ਕਰੀਮ ਵਿੱਚ ਆਰਥਕ ਕੁਰਅਬਾਨੀ ਵੱਲ ਮੋਮਿਨਾਂ ਨੂੰ ਧਿਅਨ ਦੁਆਉਣ ਦੀ ਚਰਚਾ ਕਈ ਥਾਈਂ ਮਿਲਦੀ ਹੈ । ਇਕ ਥਾਂ ਰੱਬ ਨੇ ਫ਼ਰਮਾਇਆ ਕਿ (وَمَا تُنۡفِقُوۡا مِنۡ خَیۡرٍ فَلِاَنۡفُسِکُمۡ) 'ਵਮਾ ਤੁਨਫ਼ਿਕੂ ਮਿਨ ਖ਼ੈਰਿਨ ਫ਼ਲਿਅਫ਼ੁਸਿਕੁਮ' ਅਤੇ ਜੋ ਵੀ ਤੁਸੀਂ ਧਨ ਵਿੱਚੋਂ ਖਰਚ ਕਰੋ ਓਹ ਤੁਹਡੇ ਆਪਣੇ ਹੀ ਲਾਭ ਲਈ ਹੈ ਅਤੇ ਨਾਲ ਹੀ ਹਰ ਮੋਮਿਨ ਦੀ ਇਹ ਨਿਸ਼ਾਨੀ ਦੱਸੀ ਗਈ ਹੈ ਕਿ ਉਹ ਰੱਬ ਦੀ ਰਜ਼ਾ ਹਾਸਲ ਕਰਨ ਲਈ ਹੀ ਖਰਚ ਕਰਦੇ ਹਨ । ਫ਼ਰਮਾਉਂਦਾਂ ਦਾ ਹੈ (وَمَا تُنۡفِقُوۡنَ اِلَّا ابۡتِغَآءَ وَجۡہِ اللّٰہِ) 'ਵਮਾ ਤੁਨਫ਼ਿਕੂਨਾ ਇਲੱਬਤਿਗ਼ਾਆ ਵਜਹਿਲੱਾਹਿ' ਅਤੇ ਤੁਸੀਂ ਰੱਬ ਦੀ ਰਜ਼ਾ ਹਾਸਲ ਕਰਨ ਲਈ ਹੀ ਕਰਦੇ ਹੋ । ਸੋ, ਕਿੰਨ੍ਹੇ ਹੀ ਖ਼ੁਸ਼ਕਿਸਮਤ ਹਨ ਉਹ ਲੋਕ ਜੋ ਇਸ ਸੋਚ ਨਾਲ ਆਪਣਾ ਧਨ ਰੱਬ ਦੇ ਮਾਰਗ ਵਿੱਚ ਖਰਚ ਕਰਦੇ ਹਨ ਅਤੇ ਅੱਜ ਰੱਬ ਦੀ ਮਿਹਰ ਨਾਲ ਧਰਤੀ ਦੇ ਧਰਾਤਲ'ਤੇ ਸਿਵਾਏ ਅਹਮਦੀਆਂ ਦੇ ਕੋਈ ਨਹੀਂ ਹੈ ਜੋ ਰੱਬ ਦੀ ਰਜ਼ਾ ਦੀ ਪ੍ਰਾਪਤੀ ਲਈ ਆਰਥਕ ਕੁਰਬਾਨੀ ਕਰਨ ਦੀ ਸੋਚ ਰਖੱਦ ਹੋਵੇ । ਸਾਮੂਹਿਕ ਰੂਪ ਵਿੱਚ ਕੇਵਲ ਜਮਾਤ ਅਹਮਦੀਆ ਹੀ ਹੈ ਜੋ ਰੱਬ ਦੀ ਰਜ਼ਾ ਖ਼ਾਤਰ ਅਤੇ ਗ਼ਰੀਬਾਂ ਤੇ ਲੋੜਵੰਦਾ ਦੀ ਮਦਦ ਤੋਂ ਬਿਨਾ ਧਰਮ ਦੇ ਪ੍ਰਸਾਰ ਅਤੇ ਇਸਲਾਮ ਦਾ ਵਾਸਤਵਿਕ ਚਿਤੱਰ ਦੁਨੀਆ ਨੂੰ ਦਿਖਾਉਣ ਲਈ ਆਪਣੇ ਉਪੱਰ ਭਾਰ ਪਾਕੇ ਵੀ ਆਰਥਕ ਕੁਰਬਾਨੀਆਂ ਕਰਦੇ ਹਨ ।

ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਰੱਬ ਦੇ ਹਵਾਲੇ ਨਾਲ ਫ਼ਰਮਾਉਂਦੇ ਹਨ, ਹਦੀਸੇ ਕੁਦਸੀ ਹੈ, ਰੱਬ ਫ਼ਰਮਾਉਂਦਾ ਹੈ ਕਿ ਹੇ, ਆਦਮ ਦੇ ਪੁਤੱਰ ਤੂੰ ਆਪਣਾ ਖ਼ਜ਼ਾਨਾ ਮੇਰੇ ਹਵਾਲੇ ਕਰਕੇ ਸ਼ਾਂਤ ਹੋ ਜਾ, ਨ ਅੱਗ ਲਗੱਣ ਦਾ ਡਰ, ਨ ਪਾਣੀ ਵਿੱਚ

ਡੁਬੱਣ ਦੀ ਸ਼ੰਕਾ , ਨ ਕਿਸੇ ਚੋਰ ਦੀ ਚੋਰੀ ਦਾ ਡਰ । ਮੇਰੇ ਕੋਲ ਰੱਖਿਆ ਹੋਇਆ ਖ਼ਜ਼ਾਨਾ ਮੈਂ ਤੈਨੂੰ ਪੂਰਾ ਦਿਆਂਗਾ, ਉਸ ਦਿਨ ਜੱਦ ਤੂੰ ਸਭ ਤੋਂ ਵੱਧ ਉਸ ਦਾ ਮੁਥਾਜ ਹੋਵੇਂਗਾ ।

ਸੋ, ਜਿਸ ਨੂੰ ਅਸੀਂ ਵੇਖਣ ਨੂੰ ਖਰਚ ਸਮਝ ਰਹੇ ਹੁੰਦੇ ਹਾਂ, ਉਹ ਵਾਸਤਵ ਵਿੱਚ ਖਰਚ ਨਹੀਂ ਸਗੋਂ ਤੁਹਾਡੇ ਅਕਾਉਂਟ ਵਿੱਚ ਜਮਾ ਹੋ ਗਿਆ ਅਤੇ ਜੱਦ ਤੁਹਾਨੂੰ ਇਸ ਦੀ ਲੋੜ ਹੋਵੇਗੀ ਰੱਬ ਉਸ ਨੂੰ ਵਾਪਸ ਕਰ ਦੇਵੇਗਾ । ਇਸੇ ਪ੍ਰਕਾਰ ਇਕ ਰਿਵਾਇਤ ਵਿੱਚ ਆਉਂਦਾ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਕਯਾਮਤ ਦੇ ਦਿਨ ਹਿਸਾਬ ਕਿਤਾਬ ਖ਼ਤਮ ਹੋਣ ਤੱਕ ਰੱਬ ਦੇ ਮਾਰਗ ਵਿੱਚ ਖਰਚ ਕਰਨ ਵਾਲੇ ਰੱਬ ਦੇ ਮਾਰਗ ਵਿੱਚ ਖਰਚ ਕੀਤੇ ਹੋਏ ਧਨ ਦੀ ਪਰਛਾਈਂ ਹੇਠ ਰਹਿਣਗੇ ਪਰ ਨਾਲ ਹੀ ਆਪ ਨੇ ਇਹ ਸ਼ਰਤ ਵੀ ਲਾਈ ਹੋਈ ਹੈ ਕਿ ਰੱਬ ਨੂੰ ਗੰਦਾ ਮਾਲ ਪਸੰਦ ਨਹੀਂ ਹੈ । ਗ਼ਲਤ ਤਰੀਕੇ ਨਾਲ ਕਮਾਇਆ ਹੋਇਆ ਮਾਲ ਪਸੰਦ ਨਹੀਂ ਹੈ ਸਗੋਂ ਪਵਿੱਤਰ ਕਮਾਈ ਅਤੇ ਮਿਹਨਤ ਨਾਲ ਕਮਾਏ ਧਨ ਨੂੰ ਇਸ ਮਾਰਗ ਵਿੱਚ ਖ਼ਰਚ ਕੀਤਾ ਹੋਵੇਗਾ ਤਾਂ ਪਰਵਾਨ ਹੋਵੇਗਾ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸਹਾਬਾ ਕਿਵੇਂ ਜਤਨ ਕਰਕੇ ਮਾਲੀ ਤਹਿਰੀਕ ਵਿੱਚ ਹਿਸੱਾ ਲੈਂਦੇ, ਇਸ ਦਾ ਇਕ ਰਿਵਾਇਤ ਵਿੱਚ ਇਉਂ ਵਰਨਣ ਮਿਲਦਾ ਹੈ, ਹਜ਼ਰਤ ਅਬੂ ਮਨਸੂਰ ਅਨਸਾਰੀ ਕਹਿੰਦੇ ਹਨ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਜੱਦ ਵੀ ਸਦਕੇ (ਦਾਨ) ਅਤੇ ਮਾਲੀ ਕੁਰਬਾਨੀ ਦਾ ਆਦੇਸ਼ ਦਿੰਦੇ ਤਾਂ ਸਾਡੇ ਵਿੱਚੋਂ ਕਈ ਬਜ਼ਾਰ ਜਾਂਦੇ ਅਤੇ ਓਥੇ ਮਿਹਨਤ ਤੇ ਮਜ਼ਦੂਰੀ ਕਰਦੇ ਅਤੇ ਉਸ ਨਾਲ ਜੋ ਉਜਰਤ (ਮਿਹਨਤਾਨਾ) ਮਿਲਦੀ ਉਸ ਨੂੰ ਇਸ ਤਹਰੀਕ ਵਿੱਚ ਖਰਚ ਕਰਦੇ । ਹਜ਼ਰਤ ਅਬੂਬਕਰ ਸਿੱਦੀਕ ਰਜ਼ੀ ਅਲੱਾਹ ਅਨਹੁ ਬਾਰੇ ਇਕ ਰਿਵਾਇਤ ਵਿੱਚ ਆਉਂਦਾ ਹੈ ਕਿ ਜੱਦ ਉਹ ਮੁਸਲਮਾਨ ਹੋਏ ਤਾਂ ਉਹਨਾਂ ਕੋਲ ਚਾਲ੍ਹੀ ਹਜ਼ਾਰ ਅਸ਼ਰਫ਼ੀ ਸੀ, ਇਸ ਤੋਂ ਬਿਨਾ ਉਹਨਾਂ ਦਾ ਜੋ ਕਾਰੋਬਾਰ ਤੇ ਜਾਇਦਾਦ ਸੀ, ਉਹਨਾਂ ਨੇ ਨਿਸ਼ਚਾ ਕੀਤਾ ਕਿ ਸਾਰਾ ਮੈਂ ਧਰਮ ਲਈ ਖਰਚ ਕਰ ਦਿਆਂਗਾ ਅਤੇ ਖਰਚ ਕਰਦੇ ਰਹੇ ਅਤੇ ਹਿਜਰਤ ਸਮੇਂ ਉਹਨਾਂ ਕੋਲ ਕੇਵਲ ਪੰਜ ਸੋ ਅਸ਼ਰਫ਼ੀ ਬਚੀ ਸੀ । ਅੱਜ ਜੇਕਰ ਉਸ ਸਮੇਂ ਦੀ ਅਸ਼ਰਫ਼ੀ ਜੋ ਕਿ ਸੋਨੇ ਦੀ ਸੀ, ਮੁੱਲ ਦੇ ਪੱਖੋਂ ਅਨੁਮਾਨ ਲਾਈਏ ਤਾਂ ਸੰਭਵਤਾ ਗਿਆਰ੍ਹਾਂ ਬਾਰ੍ਹਾਂ ਮਿਲੀਯਨ ਪਾਉਂਡ ਬਣਨਗੇ , ਤਾਂ ਇਹ ਹਾਲ ਸੀ ਸਹਾਬਾ ਦਾ ਕਿ ਜਿੰਨ੍ਹਾ ਕੋਲ ਕੁਝ ਨਹੀਂ ਸੀ ਉਹਨਾ ਨੇ ਵੀ ਮਿਹਨਤ ਕਰਕੇ ਕੁਰਬਾਨੀ ਕੀਤੀ ਅਤੇ ਜਿੰਨ੍ਹਾ ਕੋਲ ਸੀ ਉਹਨਾਂ ਨੇ ਤੰਗੀ ਦੀ ਕੁਝ ਵੀ ਪਰਵਾਹ ਨਹੀਂ ਕੀਤੀ ਅਤੇ ਰੱਬ ਦੇ ਮਾਰਗ ਵਿੱਚ ਨਿਡਰਤਾ ਨਾਲ ਖਰਚ ਕੀਤਾ ।

ਫਿਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਹਾਬਾ ਵਿੱਚ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਦੀ ਕੁਰਬਾਨੀ ਦੇ ਕਿੱਸੇ ਸੁਣਦੇ ਹਾਂ, ਆਪ ਨੇ ਅਤਿਅੰਤ ਕੁਰਬਾਨੀ ਕੀਤੀ । ਇਸੇ ਪ੍ਰਕਾਰ ਹਜ਼ਰਤ ਡਾਕਟਰ ਖ਼ਲੀਫ਼ਾ ਰਸ਼ੀਦੁੱਦੀਨ ਸਾਹਬ ਸਨ ਜੋ ਹਜ਼ਰਤ ਉਮੇ ਨਾਸਿਰ ਦੇ ਪਿਤਾ ਸਨ । ਉਹਨਾਂ ਨੇ ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਦਾਵੇ ਬਾਰੇ ਸੁਣਿਆ ਤਾਂ ਝੱਟ ਕਿਹਾ ਕਿ ਐਨ੍ਹੇ ਵੱਡੇ ਦਾਵੇ ਕਰਨ ਵਾਲਾ ਵਿਅਕਤੀ ਝੂਠਾ ਨਹੀਂ ਹੋ ਸਕਦਾ ਅਤੇ ਝੱਟ ਬੈਅਤ ਕਰ ਲਈ ਅਤੇ ਫਿਰ ਮਾਲੀ ਕੁਰਬਾਨੀਆਂ ਵਿੱਚ ਵੀ ਅੱਗੇ ਹੀ ਅੱਗੇ ਰਹੇ । ਪੇਸ਼ੇ ਦੇ ਪੱਖੋਂ ਡਾਕਟਰ ਸਨ, ਸਰਕਾਰੀ ਮੁਲਾਜ਼ਮ ਸਨ, ਬਹੁਤ ਖੱਲਡੁੱਲ ਸੀ, ਚੰਗੀ ਕਮਾਈ ਕਰਦੇ ਸਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਉਹਨਾਂ ਨੂੰ ਆਪਣੇ ਬਾਰ੍ਹਾਂ ਹਵਾਰੀਆਂ ਵਿੱਚੋਂ ਲਿੱਖਿਆ ਹੈ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਵਰਨਣ ਕੀਤਾ ਕਿ ਇਹਨਾਂ ਦੀਆਂ ਕੁਰਬਾਨੀਆਂ ਐਨ੍ਹੀਆਂ ਵਧੀਆਂ ਹੋਈਆਂ ਸਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪ ਨੂੰ ਇਹ ਸਨਮਾਨ ਪਤੱਰ ਦਿੱਤਾ ਕਿ ਆਪ ਨੇ ਜਮਾਤ ਲਈ ਐਨ੍ਹੀਆਂ ਕੁਰਬਾਨੀਆਂ ਕੀਤੀਆਂ ਹਨ ਕਿ ਭਵਿੱਖ ਵਿੱਚ ਕੁਰਬਾਨੀ ਦੀ ਲੋੜ ਹੀ ਨਹੀਂ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜਿਸ ਸਮੇਂ ਗੁਰਦਾਸਪੁਰ ਦਾ ਮੁਕਦੱਮਾ ਚਲ ਰਿਹਾ ਸੀ ਉਸ ਸਮੇਂ ਮਿਤੱਰਾਂ ਨੂੰ ਇਹ ਤਹਿਰੀਕ ਕੀਤੀ ਕਿ ਖਰਚੇ ਵੱਧ ਰਹੇ ਹਨ, ਮੁਕਦੱਮੇ ਦੇ ਵੀ ਖਰਚੇ ਹਨ, ਵਿਸ਼ੇਸ਼ ਰੂਪ ਵਿੱਚ ਲੰਗਰਖ਼ਾਨਾ ਹੈ ਜਿਸ ਦੇ ਖ਼ਰਚੇ ਵੱਧ ਗਏ ਹਨ ਕਿਉਂਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਓਥੇ ਠਹਿਰਣ ਕਰਕੇ ਗੁਰਦਾਸਪੁਰ ਵਿੱਚ ਵੀ ਲੰਗਰ ਚਲ ਰਿਹਾ ਸੀ ਅਤੇ ਕਾਦੀਆਂ ਵਿੱਚ ਵੀ ਲੰਗਰ ਚਲ ਰਿਹਾ ਸੀ ਦੋਹਾਂ ਥਾਈਂ ਲੰਗਰ ਚਲ ਰਿਹਾ ਸੀ, ਇਸ ਲਈ ਚੰਦੇ ਦੀ ਤਹਿਰੀਕ ਕੀਤੀ ਇਸ'ਤੇ ਖ਼ਲੀਫ਼ਾ ਰਸ਼ੀਦੁੱਦੀਨ ਸਾਹਬ ਜਿੰਨ੍ਹਾ ਨੂੰ ਸੁਭਾਵਕ ਰੂਪ ਵਿੱਚ ਇਸੇ ਦਿਨ ਤਨਖ਼ਵਾਹ ਮਿਲੀ ਸੀ ਜਿਸ ਦਿਨ ਉਹਨਾਂ ਨੂੰ ਤਹਿਰੀਕ ਦਾ ਪਤਾ ਲੱਗਿਆ ਸੀ । ਸੋ, ਉਹਨਾਂ ਨੇ ਸਾਰੀ ਤਨਖ਼ਵਾਹ ਜੋ ਉਸ ਜ਼ਮਾਨੇ ਵਿੱਚ ਚਾਰ ਸੋ ਪੰਜਾਹ ਰੁਪਏ ਸੀ, ਇਹ ਬਹੁਤ ਵੱਡੀ ਰਕਮ ਸੀ, ਅੱਜ ਕੱਲ ਲਖੱਾਂ ਦੇ ਬਰਾਬਰ ਹੈ, ਹਜ਼ਰਤ ਮਸੀਹ

ਮੌਊਦ ਅਲੈਹਿ ਸਲਾਮ ਦੀ ਸੇਵਾ ਵਿੱਚ ਭੇਜ ਦਿੱਤੀ । ਉਹਨਾਂ ਨੂੰ ਕਿਸੇ ਨੇ ਕਿਹਾ ਕਿ ਆਪਣੇ ਘਰ ਦੀਆਂ ਲੋੜਾਂ ਲਈ ਵੀ ਕੁਝ ਰੱਖ ਲੈਂਦੇ ਤਾਂ ਉਹਨਾਂ ਨੇ ਕਿਹਾ ਕਿ ਰੱਬ ਦਾ ਮਸੀਹ ਕਹਿੰਦਾ ਹੈ ਕਿ ਧਰਮ ਲਈ ਲੋੜ ਹੈ ਤਾਂ ਫਿਰ ਕਿਸ ਦੇ ਲਈ ਰਖੱਦਾ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮੈਂ ਆਪਣੀ ਜਮਾਤ ਦੇ ਪ੍ਰੇਮ ਤੇ ਸਦਭਾਵਨਾ ਉਪੱਰ ਹੈਰਾਨ ਹੁੰਦਾ ਹਾਂ ਕਿ ਇਹਨਾਂ ਵਿੱਚੋਂ ਅਤਿਅੰਤ ਘੱਟ ਕਮਾਈ ਵਾਲੇ ਜਿਵੇਂ ਮੀਆਂ ਜਮਾਲੁੱਦੀਨ ਅਤੇ ਇਮਾਮ ਖ਼ੈਰੁੱਦੀਨ ਅਤੇ ਇਮਾਮੁੱਦੀਨ ਕਸ਼ਮੀਰੀ ਮੇਰੇ ਪਿੰਡ ਦੇ ਨੇੜੇ ਦੇ ਰਹਿਣ ਵਾਲੇ ਹਨ ਉਹ ਤਿੰਨੇ ਗ਼ਰੀਬ ਭਰਾ ਹਨ ਜੋ ਸ਼ਾਇਦ ਤਿੰਨ ਆਨ੍ਹੇ ਜਾਂ ਚਾਰ ਆਨ੍ਹੇ ਪ੍ਰਤੀਦਿਨ ਮਜ਼ਦੂਰੀ ਕਰਦੇ ਹਨ ਪਰ ਸਰਗਰਮੀ ਨਾਲ ਮਾਸਕ ਚੰਦੇ ਵਿੱਚ ਭਾਗ ਲੈਂਦੇ ਹਨ, ਬਕਾਇਦਗੀ ਨਾਲ ਚੰਦਾ ਦਿੰਦੇ ਹਨ । ਫਿਰ ਆਪ ਨੇ ਫ਼ਰਮਾਇਆ ਇਹਨਾਂ ਦੇ ਮਿਤੱਰ ਮੀਆਂ ਅਬਦੁਲ ਅਜ਼ੀਜ਼ ਪਟਵਾਰੀ ਦੀ ਈਮਾਨਦਾਰੀ ਤੋਂ ਵੀ ਹੈਰਾਨੀ ਹੈ, ਘੱਟ ਆਮਦਨੀ ਹੁੰਦਿਆਂ ਹੋਇਆਂ ਵੀ ਇਕ ਦਿਨ ਸੌ ਰੁਪਏ ਦੇ ਗਏ ਕਿ ਮੈਂ ਚਾਹੁੰਦਾ ਹਾਂ ਕਿ ਰੱਬ ਦੇ ਮਾਰਗ ਵਿੱਚ ਖ਼ਰਚ ਹੋ ਜਾਵੇ । ਆਪ ਫ਼ਰਮਾਉਂਦੇ ਹਨ ਕਿ ਉਹ ਸੌ ਰੁਪਏ ਸ਼ਾਇਦ ਉਸ ਨੇ ਕਈ ਵਰ੍ਹਿਆਂ ਵਿੱਚ ਜਮਾ ਕੀਤਾ ਹੋਵੇਗਾ ਪਰ ਰੱਬ ਖ਼ਾਤਰ ਜੋਸ਼ ਨੇ ਰੱਬ ਦੀ ਰਜ਼ਾ ਲਈ ਜੋਸ਼ ਦੁਆ ਦਿਤੱਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਇਹ ਕੜੀ ਜੋ ਮਾਲੀ ਕੁਰਬਾਨੀ ਦੀ ਹੈ ਇਹ ਰੱਬ ਦੇ ਆਦੇਸ਼ ਅਨੁਸਾਰ ਹੈ ਅਤੇ ਰੱਬ ਦੀ ਮਿਹਰ ਨਾਲ ਅੱਜ ਵੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਤ ਵਿੱਚ ਇਹ ਦਿਖਾਈ ਦਿੰਦਾ ਹੈ । ਅਲੱਾਹ ਤਆਲਾ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਤ ਨੂੰ ਇਸ ਕੁਰਬਾਨੀ ਦੀ ਉਹ ਜਿਗਿਆਸਾ ਦਿੱਤੀ ਹੈ ਜੋ ਦੁਨੀਆ ਵਿੱਚ ਕਿਸੇ ਹੋਰ ਨੂੰ ਨਹੀਂ ਹੈ ਅਤੇ ਇਸ ਦੇ ਅਸੰਖ ਨਮੂਨੇ ਅਸੀਂ ਹਰ ਸਾਲ ਦੇਖਦੇ ਹਾਂ । ਅੱਜ ਕਿਉਂਕਿ ਸਾਬਕਾ ਰੀਤੀ ਅਨੁਸਾਰ ਜਨਵਰੀ ਦੇ ਪਹਿਲੇ ਜੁਮਏ ਦੇ ਖ਼ੁਤਬੇ ਵਿੱਚ ਵਕਫ਼ੇ ਜਦੀਦ ਦੇ ਨਵੇਂ ਸਾਲ ਦਾ ਐਲਾਨ ਹੁੰਦਾ ਹੈ ਇਸ ਲਈ ਇਸ ਪੱਖੋਂ ਅੱਜ ਮੈਂ ਵਕਫ਼ੇ ਜਦੀਦ ਵਿੱਚ ਆਰਥਕ ਕੁਰਬਾਨੀਆਂ ਕਰਨ ਵਲਿਆਂ ਦੇ ਕੁਝ ਇਮਾਨ ਵਧਾਊ ਗਲੱਾਂ ਵਰਨਣ ਕਰਾਂਗਾ ।

ਬੁਰਕੀਨਾ ਫ਼ਾਸੋ ਦੇ ਅਮੀਰ ਸਾਹਬ ਲਿਖੱਦੇ ਹਨ ਕਿ ਸਾਡੀ ਇਕ ਜਮਾਤ ਹੈ ਕਾਰੇਕੀ, ਓਥੇ ਇਸ ਦੇ ਨੇੜੇ ਸਰਕਾਰ ਫ਼ਾਇਬਰ ਆਪਟਿਕ ਤਾਰ ਧਰਤੀ ਵਿੱਚ ਵਿਛਾ ਰਹੀ ਹੈ, ਤਾਂ ਜਮਾਤ ਦੇ ਖ਼ੁਦੱਾਮ ਨੇ ਠੇਕੇਦਾਰ ਨਾਲ ਗੱਲ ਕੀਤੀ ਕਿ ਉਹ ਉਹਨਾਂ ਨੂੰ ਇਕ ਕਿਲੋਮੀਟਰ ਦੀ ਖ਼ੁਦਾਈ ਦਾ ਕੰਮ ਦੇ ਦੇਵੇ । ਸੋ, ਕੰਮ ਮਿਲਣ'ਤੇ ਜਮਾਤ ਦੇ ਖ਼ੁਦੱਾਮਾ ਨੇ ਮਿਲਕੇ ਖੁਦਾਈ ਦਾ ਕੰਮ ਕੀਤਾ ਅਤੇ ਉਸ ਦੇ ਬਦਲੇ ਵਿੱਚ ਮਿਲਣ ਵਾਲੀ ਰਕਮ ਇਕ ਮਿਲੀਯਨ ਫ਼੍ਰਾਂਕ ਸੇਫ਼ਾ ਜੋ ਲਗਭਗ 1250 ਪਾਉਂਡ ਬਣਦੇ ਹਨ ਵਕਫ਼ੇ ਜਦੀਦ ਦੇ ਚੰਦੇ ਵਿੱਚ ਦੇ ਦਿੱਤੇ । ਸੋ, ਇਹ ਭਾਵਨਾ ਹੈ ਜੋ ਅੱਜ ਜਮਾਤ ਅਹਮਦੀਆਂ ਤੋਂ ਬਿਨਾ ਕਿਸੇ ਹੋਰ ਵਿੱਚ ਦਿਖਾਈ ਨਹੀਂ ਦਿੰਦੀ ।

ਬੁਰਕੀਨਾ ਫ਼ਾਸੋ ਦੇ ਇਕ ਮੈਂਬਰ ਆਪਣੀ ਗੱਲ ਵਰਨਣ ਕਰਦਿਆਂ ਹੋਇਆਂ ਕਿ ਮੈਂ ਇਕ ਜਾਤਰਾ ਉਪੱਰ ਜਾਣਾ ਸੀ ਅਤੇ ਵਕਫ਼ੇ ਜਦੀਦ ਦਾ ਸਾਲ ਖ਼ਤਮ ਹੋ ਰਿਹਾ ਸੀ, ਮੈਂ ਜਾਣ ਤੋਂ ਪਹਿਲਾਂ ਆਪਣੇ ਬੱਚਿਆਂ ਨੂੰ ਕਿਹਾ ਕਿ ਜਦੱ ਫਸਲ ਤਿਆਰ ਹੋ ਜਾਵੇ ਤਾਂ ਇਸ ਵਿੱਚੋਂ ਦਸਵਾਂ ਭਾਗ ਕਢੱਕੇ ਚੰਦੇ ਵਿੱਚ ਦੇ ਦੇਣਾ । ਇਹ ਕਹਿਕੇ ਸਫ਼ਰ'ਤੇ ਚਲਾ ਗਿਆ । ਬਾਦ ਵਿੱਚ ਬੱਚੇ ਸਾਰੀ ਫ਼ਸਲ ਘਰ ਲੈ ਆਏ ਅਤੇ ਚੰਦਾ ਨਹੀਂ ਦਿਤੱਾ । ਕਹਿੰਦੇ ਹਨ ਜੱਦ ਮੈਂ ਘਰ ਵਾਪਸ ਆਇਆ ਅਤੇ ਮੈਂਨੂੰ ਪਤਾ ਲਗੱਾ ਕਿ ਬੱਚਿਆਂ ਨੇ ਸਾਰਾ ਅਨਾਜ ਘਰ ਵਿੱਚ ਰੱਖ ਲਿਆ ਹੈ, ਇਸ'ਤੇ ਮੈਂ ਬੱਚਿਆਂ ਨੂੰ ਕਿਹਾ ਕਿ ਹੁਣੇ ਸਾਰਾ ਅਨਾਜ ਘਰੋਂ ਬਾਹਰ ਕੱਢੋ ਅਤੇ ਚੰਦੇ ਦਾ ਹਿਸੱਾ ਵਖੱਰਾ ਕਰੋ । ਸੋ, ਜੱਦ ਬੱਚਿਆਂ ਨੇ ਸਾਰਾ ਅਨਾਜ ਘਰੋਂ ਬਾਹਰ ਕੱਢਿਆ ਅਤੇ ਚੰਦੇ ਦਾ ਹਿਸੱਾ ਕਢੱਕੇ ਵਾਪਸ ਅਨਾਜ ਉਸੇ ਥਾਂ ਰੱਖਿਆ ਤਾਂ ਕਹਿੰਦੇ ਹਨ ਕਿ ਉਸ ਵਿੱਚ ਕੋਈ ਵੀ ਕਮੀ ਨਹੀਂ ਸੀ ਅਤੇ ਬੱਚੇ ਦੇਖਕੇ ਹੈਰਾਨ ਰਹਿ ਗਏ ਕਿ ਚੰਦਾ ਵਖਰਾ ਕੀਤਾ ਹੈ ਪਰ ਇਹ ਕਰਨ ਦੇ ਬਾਦ ਵੀ ਅਨਾਜ ਓਨ੍ਹੇ ਦਾ ਓਨ੍ਹਾ ਹੀ ਹੈ । ਇਸ'ਤੇ ਕਹਿੰਦੇ ਹਨ ਕਿ ਮੈਂ ਉਹਨਾਂ ਨੂੰ ਦੱਸਿਆ ਕਿ ਇਹ ਰੱਬ ਨੇ ਆਪ ਨੂੰ ਦਿਖਾਇਆ ਹੈ ਕਿ ਉਸ ਦੇ ਮਾਰਗ ਵਿੱਚ ਖਰਚ ਕਰਨ ਨਾਲ ਮਾਲ ਘੱਟ ਨਹੀਂ ਹੁੰਦਾ ਸਗੋਂ ਵੱਧ ਜਾਂਦਾ ਹੈ । ਇਹ ਇਮਾਨ ਉਹਨਾਂ ਲੋਕਾਂ ਦਾ ਜੋ ਹਜ਼ਾਰਾਂ ਮੀਲ ਦੂਰ ਬੈਠੇ ਹਨ ਅਤੇ ਉਹਨਾਂ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਕੁਬੂਲ ਕੀਤਾ ਹੈ ।

ਚੰਦੇ ਦੀ ਬਰਕਤਾਂ ਨਾਲ ਔਕੁੜਾਂ ਦੂਰ ਹੋਣ ਅਤੇ ਇਮਾਨ ਦੀ ਮਜ਼ਬੂਤੀ ਆਉਣ ਦੀ ਇਕ ਹੋਰ ਘਟਣਾ ਹੈ । ਆਇਵਰੀ ਕੋਸਟ ਦੀ ਜਮਾਤ ਹੈ ਦਪੰਗੋ, ਓਥੋਂ ਸੰਬੰਧ ਰਖੱਣ ਵਾਲੇ ਇਕ ਅਹਮਦੀ ਮਿਤੱਰ ਯਾਕੂਬ ਸਾਹਬ ਕਹਿੰਦੇ ਹਨ ਕਿ ਮੈਂ ਵਾਹਵਾ ਚਿਰ ਤੋਂ ਅਹਮਦੀ ਸੀ ਪਰ ਚੰਦੇ ਦੀ ਵਿਵਸਥਾ ਵਿੱਚ ਸ਼ਾਮਲ ਨਹੀਂ ਸੀ । ਪਹਿਲਾਂ ਮੇਰਾ ਜੀਵਨ ਹਮੇਸ਼ਾਂ ਸਮਸਿਆਵਾਂ ਵਿੱਚ ਘਿਰਿਆ

ਰਹਿੰਦਾ ਸੀ । ਕਦੇ ਬੱਚੇ ਬਿਮਾਰ ਰਹਿੰਦੇ ਸਨ ਤਾਂ ਕਦੇ ਫ਼ਸਲ ਕਰਕੇ ਪ੍ਰੇਸ਼ਾਨੀ ਰਹਿੰਦੀ ਸੀ । ਪਰ ਬੀਤੇ ਤਿੰਨ ਸਾਲ ਤੋਂ ਮੈਂ ਚੰਦਾ ਵਕਫ਼ੇ ਜਦੀਦ ਦੀ ਬਰਕਤਾਂ ਭਰਪੂਰ ਵਿਵਸਥਾ ਵਿੱਚ ਸ਼ਾਮਲ ਹਾਂ ਅਤੇ ਰੱਬ ਦੀ ਮਿਹਰ ਨਾਲ ਆਰਥਕ ਵਿਵਸਥਾ ਦਾ ਪਕੱਾ ਭਾਗੀਦਾਰ ਬਣਨ ਦੇ ਬਾਦ ਰੱਬ ਨੇ ਮੇਰੇ ਜੀਵਨ ਨੂੰ ਹੀ ਬਦਲ ਦਿਤੱਾ ਹੈ, ਹੁਣ ਮੇਰੇ ਬੱਚੇ ਪਹਿਲਾਂ ਨਾਲੋਂ ਬਹੁਤੇ ਸਵਸਥ ਹਨ ਅਤੇ ਫ਼ਸਲ ਵੀ ਚੰਗੀ ਹੁੰਦੀ ਹੈ ।

ਰੱਬ ਦੀ ਰਜ਼ਾ ਹਾਸਲ ਕਰਨ ਲਈ ਨੌਮੁਬਾਈਨ (ਨਵੇ ਅਹਮਦੀਆਂ) ਵਿੱਚ ਵੀ ਕੁਰਬਾਨੀ ਦੀ ਰੂਹ (ਜਿਗਿਆਸਾ) ਕਿਵੇਂ ਪੈਦਾ ਹੋ ਰਹੀ ਹੈ, ਆਇਵਰੀ ਕੋਸਟ ਦੇ ਇਕ ਮਿਤੱਰ ਜ਼ਿਬਲੂਰ ਸਾਹਬ ਨੇ ਕੁਝ ਸਮਾਂ ਪਹਿਲਾਂ ਇਸਾਈਅਤ ਤੋਂ ਅਹਮਦੀਅਤ ਕੁਬੂਲ ਕਰਨ ਦਾ ਸੁਭਾਗ ਪ੍ਰਾਪਤ ਕੀਤਾ । ਆਪਣੇ ਸ਼ਹਿਰ ਵਿੱਚ ਇਕੱਲੇ ਅਹਮਦੀ ਹਨ ਅਤੇ ਬਕਾਇਦਗੀ ਨਾਲ ਮੇਰੇ ਖ਼ੁਤਬੇ ਸੁਣਦੇ ਹਨ । ਬਹੁਤ ਸਾਰੇ ਜਮਾਤੀ ਪ੍ਰੋਗਰਾਮ ਵੀ ਸੁਣਦੇ ਰਹਿੰਦੇ ਹਨ ਬਹੁਤ ਇਮਾਨਦਾਰ ਹਨ । ਉਹਨਾਂ ਨੇ ਇਮਾਨਦਾਰੀ ਤੇ ਇਮਾਨ ਵਿੱਚ ਬਹੁਤ ਤਰੱਕੀ ਕੀਤੀ ਹੈ । ਬੈਅਤ ਦੇ ਬਾਦ ਫ਼੍ਰੰਚ ਭਾਸ਼ਾ ਵਿੱਚ ਮੌਜੂਦ ਜਮਾਤੀ ਲਿਟ੍ਰੇਚਰ ਦਾ ਅਧਿਐਨ ਕੀਤਾ ਅਤੇ ਹੁਣ ਇਕ ਚੰਗੇ ਦਾਈ ਇਲਲੱਾਹ (ਇਲਾਹੀ ਮਾਰਗ ਵੱਲ ਬੁਲਾਉਣ ਵਾਲੇ) ਬਣ ਚੁਕੇ ਹਨ । ਉਹਨਾਂ ਨੇ ਆਪਣਾ ਪਿੰਡ ਛਡੱਕੇ ਸਾਡੇ ਸਾਡੇ ਜਮਾਤੀ ਸੈਂਟਰ ਦੇ ਨੇੜੇ ਰਿਹਾਇਸ਼ ਕਰ ਲਈ ਹੈ ਤਾਂ ਜੋ ਇਸਲਾਮ ਬਾਰੇ ਬਹੁਤਾ ਕੁਝ ਸਿੱਖ ਸਕਣ । ਇਸ ਸਮੇਂ ਦੌਰਾਨ ਉਹਨਾਂ ਕੋਲ ਕੰਮ ਕਾਜ ਨਹੀਂ ਸੀ, ਅਸਥਾਨ ਛਡੱਣ ਕਰਕੇ ਕੰਮ ਵਿੱਚ ਫ਼ਰਕ ਪਿਆ, ਕੰਮ ਦੀ ਭਾਲ ਵਿੱਚ । ਕੇਵਲ ਉਹਨਾਂ ਦੀ ਪਤਨੀ ਕੁਝ ਪੈਸੇ ਕਮਾ ਰਹੀ ਸੀ ਅਤੇ ਉਸ ਨਾਲ ਘਰ ਦਾ ਖਰਚਾ ਚਲ ਰਿਹਾ ਸੀ । ਉਹਨਾਂ ਨੂੰ ਜਦੱ ਚੰਦੇ ਦੀ ਤਹਿਰੀਕ ਕਤੀ ਗਈ ਤਾਂ ਸਖ਼ਤ ਹਾਲਾਤਾਂ ਦੇ ਹੁੰਦਿਆਂ ਹੋਇਆਂ ਵੀ ਪੰਜ ਹਜ਼ਾਰ ਫ਼ਰਾਂਕ ਸੇਫ਼ਾ ਦੀ ਰਕਮ ਚੰਦੇ ਵਿੱਚ ਅਦਾ ਕਰ ਦਿੱਤੀ ਅਤੇ ਕਹਿਣ ਲੱਗੇ ਕਿ ਇਹ ਮੇਰਾ ਤੇ ਮੇਰੀ ਫ਼ੈਮਲੀ ਦਾ ਚੰਦਾ ਹੈ, ਠੀਕ ਹੈ ਹਾਲਾਤ ਦੀ ਖ਼ਰਾਬੀ ਹੈ ਪਰ ਚੰਦੇ ਦੀ ਬਰਕਤਾਂ ਤੋਂ ਮੈਂ ਵਾਂਝਿਆਂ ਨਹੀਂ ਰਹਿਣਾ ਚਾਹੁੰਦਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਚੰਦਾ ਦੇਣ ਵਾਲਿਆਂ ਨੂੰ ਰੱਬ ਵੱਲੋਂ ਕਿਵੇਂ ਸ਼ਾਂਤੀ ਮਿਲਦੀ ਹੈ ਇਸ ਬਾਰੇ ਮੈਂ ਆਇਵਰੀ ਕੋਸਟ ਦੇ ਸਾਡੇ ਇਕ ਮੁਬਲੱਗ਼ ਲਿਖੱਦੇ ਹਨ ਕਿ ਬੰਦੂਕੂ ਸ਼ਹਿਰ ਆਇਵਰੀ ਕੋਸਟ ਨੂੰ ਇਸਲਾਮ ਦਾ ਗੜ੍ਹ ਸਮਝਿਆ ਜਾਂਦਾ ਹੈ । ਏਥੇ ਮੌਲਵੀਆਂ ਦੀ ਅਧਿਕਤਾ ਹੈ । ਏਥੇ ਇਕ ਪ੍ਰਚਾਰ ਹੇਠ ਮਿਤੱਰ ਅਬਦੁਰ ਰਹਮਾਨ ਸਾਹਬ ਨੇ ਬੈਅਤ ਕੀਤੀ ਸੀ ਉਹਨਾਂ ਨੂੰ ਜਮਾਤ ਨਾਲ ਪ੍ਰੀਚੇ ਇਕ ਪੰਫ਼ਲੈਟ ਨਾਲ ਹੋਇਆ ਸੀ । ਉਹ ਵਰਨਣ ਕਰਦੇ ਹਨ ਕਿ ਮੈਂ ਚਾਰ ਸਾਲ ਪਹਿਲਾਂ ਆਪਣੀ ਫ਼ੈਮਲੀ ਸਮੇਤ ਇਸਾਈਅਤ ਤੋਂ ਮੁਸਲਮਾਨ ਹੋਇਆ ਸੀ, ਪਰ ਮੇਰਾ ਮਨ ਸੰਤੋਖ ਨਹੀਂ ਫ਼ੜਦਾ ਸੀ, ਪਰ ਜੱਦ ਜਮਾਤ ਬਾਰੇ ਪਤਾ ਲਗੱਾ ਅਤੇ ਮਿਸ਼ਨ ਹਾਉਸ ਜਾਕੇ ਪ੍ਰਸ਼ਨ ਕੀਤੇ ਤਾਂ ਮੈਂਨੂੰ ਮੇਰੇ ਸਾਰੇ ਪ੍ਰਸ਼ਨਾ ਦਾ ਉਤੱਰ ਮਿਲ ਗਏ ਅਤੇ ਮੈਂ ਬੈਅਤ ਕਰ ਲਈ । ਕਹਿੰਦੇ ਹਨ ਕਿ ਜੱਦ ਮੈਂ ਬੈਅਤ ਕੀਤੀ ਤਾਂ ਦਸੰਬਰ ਦਾ ਮਹੀਨਾ ਸੀ । ਮੁਬਲੱਗ਼ ਸਾਹਬ ਨੇ ਮਸਜਿਦ ਵਿੱਚ ਚੰਦਾ ਵਕਫ਼ੇ ਜਦੀਦ ਦੀ ਮਹਤੱਾ ਦੱਸੀ ਅਤੇ ਚੰਦੇ ਦੀ ਤਹਰੀਕ ਕੀਤੀ । ਮੇਰੀ ਜੇਬ ਵਿੱਚ ਉਸ ਸਮੇਂ ਦੋ ਹਜ਼ਾਰ ਫ਼੍ਰਾਂਕ ਸੇਫ਼ਾ ਸਨ ਜਿਸ ਵਿੱਚੋਂ ਇਕ ਹਜ਼ਾਰ ਮੈਂ ਉਸੇ ਸਮੇਂ ਵਕਫ਼ੇ ਗਦੀਦ ਦੀ ਮਦ ਵਿੱਚ ਦੇ ਦਿੱਤੇ । ਕਹਿੰਦੇ ਹਨ ਅਲਹਮਦੁਲਿਲੱਾਹ ਉਸ ਦਿਨ ਤੋਂ ਰੱਬ ਨੇ ਮੇਰੇ ਜੀਵਨ ਨੂੰ ਬਦਲ ਦਿਤੱਾ ਹੈ । ਰੱਬ ਨੇ ਮੇਰੇ ਕੰਮਾ ਵਿੱਚ ਬਰਕਤ ਪਾ ਦਿੱਤੀ ਹੈ । ਜਿਸ ਥਾਂ ਮੈਂ ਕੰਮ ਕਰਦਾ ਹਾਂ ਓਥੇ ਅਫ਼ਸਰਾਂ ਸਣੇਂ ਸਾਰੇ ਮੇਰਾ ਸਨਮਾਨ ਕਰਦੇ ਹਨ ਅਤੇ ਸੀਮਤ ਆਮਦਨੀ ਦੇ ਹੁੰਦਿਆਂ ਹੋਇਆਂ ਵੀ ਐਨ੍ਹੀ ਬਰਕਤ ਹੈ ਕਿ ਖ਼ੁਸਹਾਲ ਜੀਵਨ ਲੰਘਾ ਰਿਹਾ ਹਾਂ । ਇਹ ਬੈਅਤ ਕਰਨ ਦੇ ਬਾਦ ਪਹਿਲੇ ਦਿਨ ਤੋਂ ਹੀ ਚੰਦੇ ਦੀ ਵਿਵਸਥਾ ਦੇ ਪੱਕੇ ਭਾਰਗੀਦਾਰ ਬਣ ਗਏ ਹਨ ।

ਮਿਸਰ ਦੇ ਇਕ ਅਹਮਦੀ ਹਨ ਅਬਦੁਰ ਰਹਮਾਨ ਸਾਹਬ, ਕਹਿੰਦੇ ਹਨ, ਬੀਤੇ ਜੁਮਏ ਦੇ ਦਿਨ ਮੇਰੇ ਕੋਲ ਸੌ ਮਿਸਰੀ ਪਾਉਂਡ ਸਨ ਜਿੰਨ੍ਹਾ ਵਿੱਚੋ ਪੰਜਾਹ ਪਾਉਂਡ ਮੈਂ ਜਮਾਤ ਨੂੰ ਦੇ ਦਿੱਤੇ ਅਤੇ ਪੰਜਾਹ ਸਫ਼ਰ ਖ਼ਰਚ ਤੇ ਬਕੀ ਦੀਆਂ ਲੋੜਾਂ ਲਈ ਰੱਖ ਲਏ । ਮੈਂ ਆਪਣੇ ਘਰ ਅਤੇ ਖੇਤਰ ਤੋਂ ਦੂਰ ਰਹਿੰਦਾ ਹਾਂ ਜਿੱਥੇ ਰੱਬ ਤੋਂ ਬਿਨਾ ਮੇਰਾ ਹੋਰ ਕੋਈ ਨਹੀਂ ਹੈ । ਅਗਲੇ ਦਿਨ ਅਚਾਨਕ ਪਤਾ ਲੱਗਿਆ ਕਿ ਮਹੀਨਿ ਦੀ ਤਨਖ਼ਵਾਹ ਜੋ ਆਮ ਕਰਕੇ ਦੇਰੀ ਨਾਲ ਆਉਂਦੀ ਹੈ ਇਸ ਵਾਰ ਛੇਤੀ ਆ ਗਈ ਹੈ ਅਤੇ ਮੈਂਨੂੰ ਇਸੇ ਦਿਨ ਵਸੂਲ ਕਰਨੀ ਚਾਹੀਦੀ ਹੈ ਜਿਸ ਦੇ ਕਰਕੇ ਮੈਂ ਦੋ ਦਿਨ ਬਾਦ ਗਿਆ, ਕੀ ਦੇਖਦਾ ਹਾਂ ਕਿ ਸਰਕਾਰ ਨੇ ਤਨਖ਼ਵਾਹ ਵਿੱਚ ਸੱਠ ਪ੍ਰਤੀਸ਼ਤ ਵਾਧਾ ਕਰ ਦਿਤੱਾ ਹੈ । ਹੁਣ ਮੇਰਾ ਨਿਸ਼ਚਾ ਹੈ ਕਿ ਅਗਲੇ ਜੁਮਏ ਇਸ ਦਾ ਅੱਧ ਵੀ ਰੱਬ ਦੇ ਮਾਰਗ ਵਿੱਚ ਦੇ ਦਿਆਂ । ਦੁਆ ਕਰੋ ਕਿ ਰੱਬ ਆਪਣੇ ਮਾਰਗ ਵਿੱਚ ਖਰਚ ਕਰਨ ਵਿੱਚ ਆਨੰਦ ਪ੍ਰਦਾਨ ਕਰੇ ।

ਇੰਡੀਆ ਦੇ ਇੰਸਪੈਕਟਰ  ਸਲੀਮ ਖਾਂਨ ਸਾਹਬ ਲਿਖੱਦੇ ਹਨ ਕਿ ਸੂਬਾ ਗੁਜਰਾਤ ਦੀ ਇਕ ਜਮਾਤ ਦੇ ਦੌਰੇ'ਤੇ ਗਏ, ਓਥੇ ਇਕ ਮਿਤੱਰ ਨਾਲ ਫ਼ੋਨ'ਤੇ ਰਾਬਤਾ ਹੋਇਆ । ਉਹਨਾਂ ਨੇ ਦੱਸਿਆ ਕਿ ਅਸੀਂ ਇਕ ਘੰਟੇ ਤੱਕ ਆਪ ਵੱਲ ਆ ਰਹੇ ਹਾਂ । ਜੱਦ ਇਕ ਘੰਟੇ ਬਾਦ ਗਏ ਤਾਂ ਹੁਣੇ ਗਲ ਚੱਲ ਹੀ ਰਾਹੀ ਸੀ ਕਿ ਅਚਾਨਕ ਦੋ ਵਿਅਕਤੀ ਆਏ ਅਤੇ ਉਹਨਾਂ ਨਾਲ ਗੱਲ ਕੀਤੀ ਅਤੇ ਇਸ ਦੇ ਬਾਦ ਉਹਨਾਂ ਦਾ ਰੈਫ਼੍ਰੀਜੇਟਰ (ਫ਼੍ਰਿਜ) ਚੁਕੱਕੇ ਲੈ ਗਏ । ਕਹਿੰਦੇ ਹਨ ਮੈਂ ਉਹਨਾਂ ਨੂੰ ਪੱਛਿਆ ਕਿ ਇਹ ਕੀ ਹੈ ? ਉਹਨਾਂ ਨੇ ਕਿਹਾ ਕਿ ਗੱਲ ਇਹ ਹੈ ਆਪ ਨੇ ਕਿਹਾ ਸੀ ਕਿ ਅਸੀਂ ਆ ਰਹੇ ਹਾਂ ਅਤੇ ਪੈਸੇ ਸਾਡੇ ਕੋਲ ਅੱਜ ਕੋਈ ਨਹੀਂ ਸੀ ਤਾਂ ਰੈਫ੍ਰਜਿਰੇਟਰ ਸਾਡੇ ਕੋਲ ਪਿਆ ਸੀ, ਮੈਂ ਇਸ ਨੂੰ ਵੇਚ ਦਿਤੱਾ, ਇਸ'ਤੇ ਮੈਂ ਉਹਨਾਂ ਨੂੰ ਕਿਹਾ ਐਨ੍ਹੀ ਛੇਤੀ ਕੀ ਸੀ, ਨ ਕਰਦੇ, ਹੁਣੇ ਵੀ ਵਾਪਸ ਰੱਖ ਲੈਂਣ । ਉਹਨਾਂ ਨੇ ਕਿਹਾ ਕਿ ਇਹ ਨਹੀਂ ਹੋ ਸਕਦਾ ਕਿ ਕੋਈ ਸਾਡੇ ਕੋਲ ਕੇਂਦਰ ਤੋਂ ਆਏ ਅਤੇ ਅਸੀਂ ਉਸ ਨੂੰ ਖ਼ਲੀ ਹੱਥ ਜਾਣ ਦੇਈਏ । ਫ਼੍ਰਿਜ ਦਾ ਕੀ ਹੈ ਅਸੀਂ ਮੁੜ ਫਿਰ ਖ਼ਰੀਦ ਲਿਆਂਗੇ । ਇੰਸ਼ਾਅਲੱਲਾਹ। ਅਲੱਾਹ ਉਹਨਾਂ ਦੇ ਮਾਲ ਵਿੱਚ ਬਰਕਤਾਂ ਪਾਵੇ, ਇਹ ਕਿਰਾਏ ਦੇ ਘਰ ਵਿੱਚ ਰਿਹੰਦੇ ਹਨ, ਮਿਸਤਰੀ ਦਾ ਕੰਮ ਕਰਦੇ ਹਨ, ਪਰ ਐਨ੍ਹੀ ਤੰਗੀ ਦੇ ਹੁੰਦਿਆਂ ਹੋਇਆਂ ਵੀ ਰੱਬ ਦੇ ਮਾਰਗ ਵਿੱਚ ਕੁਰਬਾਨੀ ਤੋਂ ਗੁਰੇਜ਼ ਨਹੀ ਕੀਤਾ ।

ਇਸੇ ਪ੍ਰਕਾਰ ਇੰਡੀਆ ਦੇ ਹੀ ਇੰਸਪੈਕਟਰ ਵਕਫ਼ੇ ਜਦੀਦ ਮੁਨਵੱਰ ਅਹਮਦ ਸਾਹਬ ਲਿਖੱਦੇ ਹਨ ਕਿ ਜਮਾਤ ਸਾਂਧਨ ਸੂਬਾ ਯੂਪੀ ਦੇ ਦੌਰੇ ਸਮੇਂ ਇਕ ਮਿਤੱਰ ਕੋਲ ਚੰਦਾ ਵਕਫ਼ੇ ਜਦੀਦ ਦੀ ਵਸੂਲੀ ਲਈ ਗਏ ਤਾਂ ਉਹਨਾਂ ਨੇ ਆਪਣੀ ਪ੍ਰੇਸ਼ਾਨੀ ਜ਼ਾਹਰ ਕਰਦਿਆਂ ਹੋਇਆਂ ਕਿਹਾ ਕਿ ਹੁਣੇ ਹਾਲਾਤ ਠੀਕ ਨਹੀਂ ਹਨ, ਆਪ ਕੱਲ ਸਵੇਰੇ ਆ ਜਾਣ ਫਿਰ ਦੇਖਦੇ ਹਾਂ । ਕਹਿੰਦੇ ਹਨ ਅਗਲੇ ਦਿਨ ਮੈਂ ਦੁਬਾਰਾ ਉਹਨਾਂ ਦੇ ਘਰ ਗਿਆ ਤਾਂ ਉਹਨਾਂ ਦੇ ਦੱਸਿਆ ਕਿ ਪੈਸਿਆਂ ਦਾ ਪ੍ਰਬੰਧ ਨਹੀਂ ਹੋਇਆ ਹੈ । ਛੋਟੀ ਬੇਟੀ ਸੁਣ ਰਹੀ ਸੀ ਨੇੜੇ ਖੜੀ ਉਹ ਆਪਣੇ ਪਿਤਾ ਨੂੰ ਕਹਿਣ ਲੱਗੀ ਕਿ ਆਪ ਨੇ ਮੈਂਨੂੰ ਵਾਦਾ ਕੀਤਾ ਸੀ ਕਿ ਸਰਦੀ ਵੱਧ ਰਹੀ ਹੈ ਅਤੇ ਆਪ ਮੈਂਨੂੰ ਸਰਦੀਆਂ ਵਿੱਚ ਜੁੱਤੀ ਖ਼ਰੀਦਕੇ ਦੇਣਗੇ । ਆਪਨੇ ਜੋ ਮੇਰੇ ਲਈ ਸਰਦੀਆਂ ਦੀ ਜੁੱਤੀ ਲਈ ਪੈਸੇ ਰੱਖੇ ਹਨ ਉਹ ਮੈਂਨੂੰ ਦੇ ਦਿਓ । ਬੱਚੀ ਨੇ ਜ਼ਿੱਦ ਕਰਕੇ ਆਪਣੇ ਪਿਤਾ ਤੋਂ ਇਹ ਰਕਮ ਹਾਸਲ ਕਰ ਲਈ ਅਤੇ ਸਾਰੀ ਰਕਮ ਵਕਫ਼ੇ ਜਦੀਦ ਵਿੱਚ ਦੇ ਦਿੱਤੀ ਅਤੇ ਕਹਿਣ ਲੱਗੀ ਕਿ ਇਹ ਜੁੱਤੀ ਤਾਂ ਮਗਰੋਂ ਵੀ ਆਉਂਦੀ ਰਹੇਗੀ ਪਹਿਲਾਂ ਚੰਦਾ ਲੈ ਲੈਣ ।

ਫਿਰ ਵਕਫ਼ੇ ਜਦੀਦ ਦੇ ਇੰਸਪੈਕਟਰ ਹਨ ਇੰਡੀਆ ਦੇ ਫ਼ਰੀਦ ਸਾਹਬ, ਕਹਿੰਦੇ ਹਨ ਕਿ ਨਵੰਬਰ ਮਹੀਨੇ ਵਿੱਚ ਯੂਪੀ ਵਿੱਚ ਵਕਫ਼ੇ ਜਦੀਦ ਦੇ ਮਾਲੀ ਦੌਰੇ ਉਪੱਰ ਗਿਆ ਤਾਂ ਪਤਾ ਲਗੱਾ ਕਿ ਮੇਰਠ ਵਿੱਚ ਵੀ ਇਕ ਅਹਮਦੀ ਘਰ ਹੈ ਜੋ ਕਈ ਸਾਲਾਂ ਤੋਂ ਜਮਾਤ ਦੇ ਰਾਬਤੇ ਵਿੱਚ ਨਹੀਂ ਹੈ । ਜੱਦ ਉਹਨਾਂ ਦੇ ਘਰ ਪਹੁੰਚੇ ਅਤੇ ਉਹਨਾਂ ਨੂੰ ਮਾਲੀ ਕੁਰਬਾਨੀ ਵੱਲ ਧਿਆਨ ਦੁਆਇਆ ਤਾਂ ਉਹਨਾਂ ਨੇ ਕਿਹਾ ਕਿ ਅਸੀਂ ਕੇਵਲ ਵਕਫ਼ੇ ਜਦੀਦ ਵਿੱਚ ਹੀ ਨਹੀਂ ਸਗੋਂ ਸਾਰਿਆਂ ਚੰਦਿਆਂ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਾਂ । ਇਉਂ ਇਹਨਾਂ ਨੇ ਆਪਣਾ ਸ਼ਰਾਹ ਅਨੁਸਾਰ ਲਾਜ਼ਮੀ ਚੰਦੇ ਦਾ ਬਜਟ ਲਿਖਵਾਇਆ ਅਤੇ ਨਾਲ ਹੀ ਵਕਫ਼ੇ ਜਦੀਦ ਅਤੇ ਤਹਿਰੀਕੇ ਜਦੀਦ ਅਤੇ ਜ਼ੈਲੀ ਤੰਜ਼ੀਮਾ ਦੇ ਚੰਦਿਆਂ ਦਾ ਬਜਟ ਵੀ ਬਣਵਾਇਆ ਅਤੇ ਪੰਦਰ੍ਹਾ ਹਜ਼ਾਰ ਰੁਪਏ ਉਸੇ ਸਮੇਂ ਚੰਦਾ ਵਕਫ਼ੇ ਜਦੀਦ ਵਿੱਚ ਅਦਾ ਵੀ ਕੀਤੇ । ਇਸ ਪ੍ਰਕਾਰ ਅਲੱਾਹ ਤਆਲਾ ਨੇ ਵਕਫ਼ੇ ਜਦੀਦ ਦੀ ਬਰਕਤਾਂ ਭਰਪੂਰ ਤਹਿਰੀਕ ਦੀ ਬਦੌਲਤ ਇਕ ਪਰਿਵਾਰ ਦਾ ਜਮਾਤ ਅਹਮਦੀਆ ਦੇ ਨਾਲ ਰਾਬਤਾ ਵੀ ਬਹਾਲ ਕਰ ਦਿਤੱਾ । ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਜਿਵੇਂ ਕਿ ਪਹਿਲਾਂ ਵੀ ਮੈਂ ਕਈ ਵਾਰ ਕਹਿ ਚੁਕਿਆ ਹਾਂ ਸੁਸਤੀ ਹੁੰਦੀ ਹੈ ਸਾਡੇ ਵੱਲੋਂ, ਸਾਡੇ ਕਰਕੁਨਾਂ ਵੱਲੋਂ, ਜਮਾਤ ਨਾਲ ਰਾਬਤਾ ਨਹੀਂ ਕਰਦੇ ਅਤੇ ਕਈ ਵਾਰ ਇਕ ਲੰਮਾ ਸਮਾਂ ਰਾਬਤਾ ਨਹੀਂ ਹੁੰਦਾ ਇਸ ਲਈ ਸਾਰੀ ਵਿਵਸਥਾ ਨੂੰ ਸਰਗਰਮ ਹੋਣਾ ਚਾਹੀਦਾ ਹੈ ਤਾਂ ਜੋਂ ਲੋਕਾਂ ਤੱਕ ਪਹੁੰਚ ਸਕੀਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਕੁਝ ਘਟਨਾਵਾਂ ਹਨ ਜੋ ਮੈਂ ਵਰਨਣ ਕੀਤੀਆਂ ਹਨ । ਇਹ ਜਿੱਥੇ ਧਰਮ ਖ਼ਾਤਰ ਮਾਲੀ ਕੁਰਬਾਨੀਆਂ ਬਾਰੇ ਸਾਨੂੰ ਜਾਣਕਾਰੀ ਦਿੰਦੀਆਂ ਹਨ ਓਥੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸਚੱਾਈ ਅਤੇ ਜਮਾਤ ਅਹਮਦੀਆ ਦੀ ਸਚੱਾਈ ਅਤੇ ਉਸ ਦਾ ਰੱਬ ਵੱਲੋਂ ਕਾਇਮ ਹੋਣ ਦਾ ਵੀ ਇਕ ਪ੍ਰਤੱਖ ਪ੍ਰਮਾਣ ਹਨ । ਰੱਬ ਕਰੇ ਕਿ ਜਮਾਤ ਦੇ ਲੋਕਾਂ ਦਾ ਇਮਾਨ ਅਤੇ ਵਿਸ਼ਵਾਸ ਤਰੱਕੀ ਕਰਦਾ ਰਹੇ ਅਤੇ ਉਹ ਰੱਬ ਦੀ ਰਜ਼ਾ ਖ਼ਾਤਰ ਹਮੇਸ਼ਾ ਕੁਰਬਾਨੀਆਂ ਕਰਨ ਵਿੱਚ ਵਧੱਦੇ ਰਹਿਣ ।

ਰੱਬ ਦੀ ਮਿਹਰ ਨਾਲ ਵਕਫ਼ੇ ਜਦੀਦ ਦਾ ਸਠੱਵਾਂ (60ਵਾਂ) ਸਾਲ 31 ਦਸੰਬਰ ਨੂੰ ਖ਼ਤਮ ਹੋਇਆ ਹੈ ਅਤੇ ਪਹਿਲੀ ਜਨਵਰੀ ਤੋਂ ਨਵਾਂ ਸਾਲ ਅਰੰਭ ਹੋ ਗਿਆ ਹੈ । ਅੰਤਰ ਰਾਸ਼ਟਰੀ ਅਹਮਦੀਆ ਮੁਸਲਿਮ ਜਮਾਤ ਨੇ ਇਸ ਸਾਲ ਵਕਫ਼ੇ ਜਦੀਦ ਵਿੱਚ

ਅਠਾਸੀ ਲੱਖ ਬਾਹ੍ਠ ਹਜ਼ਾਰ (88,62,000) ਪਾਊਂਡ ਦੀ ਕੁਰਬਾਨੀ ਪੇਸ਼ ਕੀਤੀ ਹੈ ਜੋ ਬੀਤੇ ਸਾਲ ਦੇ ਟਾਕਰੇ'ਤੇ ਅੱਠ ਲੱਖ ਬਿਆਲੀ ਹਜ਼ਾਰ (8,42,000) ਪਾਉਂਡ ਅਧਿਕ ਹੈ (ਅਲਹਮਦੁਲਿਲੱਾਹ) ਪਾਕਿਸਤਾਨ ਤੋਂ ਬਿਨਾ ਬਰਤਾਨੀਆਂ ਪਹਿਲੇ ਨੰਬਰ'ਤੇ ਹੈ, ਜਰਮਨੀ ਦੂਜੇ ਨੰਬਰ'ਤੇ ਹੈ, ਅਮਰੀਕਾ ਤੀਜੇ ਨੰਬਰ'ਤੇ ਹੈ, ਕੈਨੇਡਾ ਚੌਥੇ ਨੰਬਰ'ਤੇ ਹੈ, ਭਾਰਤ ਪੰਜਵੇਂ ਨੰਬਰ'ਤੇ ਹੈ, ਆਸਟ੍ਰੇਲੀਆ ਛੇਵੇਂ ਨੰਬਰ'ਤੇ, ਮਿਡਲ ਈਸਟ ਦੀ ਇਕ ਜਮਾਤ ਸਤੱਵੇਂ ਨੰਬਰ'ਤੇ, ਇੰਡੋਨੇਸ਼ੀਆ ਅੱਠਵੇਂ ਨੰਬਰ'ਤੇ, ਫਿਰ ਨੌਵੇਂ ਨੰਬਰ'ਤੇ ਮਿਡਲ ਈਸਟ ਦੀ ਇਕ ਜਮਾਤ ਹੈ, ਘਾਨਾ ਦਸਵੇਂ ਨੰਬਰ'ਤੇ ਹੈ, ਘਾਨਾ ਨੇ ਵੀ ਇਸ ਵਾਰ ਵਾਹਵਾ ਤਰੱਕੀ ਕੀਤੀ ਹੈ । ਲੋਕਲ ਕਰੰਸੀ ਦੇ ਪੱਖੋਂ ਵੀ ਬੀਤੇ ਸਾਲ ਦੇ ਮੁਕਾਬਲੇ ਵਿੱਚ ਵਿਲੱਖਣ ਵਾਧਾ ਕਰਨ ਵਾਲੇ ਦੇਸ਼ਾਂ ਵਿੱਚ ਇਸ ਸਾਲ ਕੈਨੇਡਾ ਸਭ ਤੋਂ ਮੋਹਰੇ ਹੈ । ਉਸ ਨੇ ਵਾਹਵਾ ਤਰੱਕੀ ਕੀਤੀ ਹੈ । ਇਸ ਤੋਂ ਬਿਨਾ ਅਫ਼ਰੀਕਾ ਦੇ ਦੇਸ਼ਾਂ ਵਿੱਚੋਂ ਨਾਈਜੀਰੀਆ ਨੇ ਵਾਹਵਾ ਤਰੱਕੀ ਕੀਤੀ ਹੈ 83% ਵਾਧਾ ਕੀਤਾ ਹੈ । ਮਾਲੀ 55% ਵਾਧਾ ਕੀਤਾ ਹੈ, ਸੀਰਲੀਊਨ ਨੇ 45% ਵਾਧਾ ਕੀਤਾ ਹੈ, ਕੈਮਰੂਨ ਨੇ 45% ਵਾਧਾ ਕੀਤਾ ਹੈ, ਘਾਨਾ ਨੇ 24% ਵਾਧਾ ਕੀਤਾ ਹੈ, ਅਰਥਾਤ ਬੀਤੇ ਸਾਲ ਦੇ ਮੁਕਾਬਲੇ ਵਿੱਚ ਵੁਸੂਲੀਆ ਬਹੁਤੀਆਂ ਕੀਤੀਆਂ ਹਨ ।

ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਬਾਰੇ ਹਜ਼ੂਰ ਅਨਵਰ ਨੇ ਫ਼ਰਮਾਇਆ : ਅਸਲ ਚੀਜ਼ ਤਾਂ ਇਹ ਹੈ ਕਿ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਵਧੱਣੀ ਚਾਹੀਦੀ ਹੈ । ਰੱਬ ਦੀ ਮਿਹਰ ਨਾਲ ਇਸ ਸਾਲ ਵਕਫ਼ੇ ਜਦੀਦ ਵਿੱਚ ਸੋਲ੍ਹਾ ਲੱਖ ਤੋਂ ਵੱਧ ਚੰਦਾ ਦੇਣ ਵਾਲੇ ਸ਼ਾਮਲ ਹੋਏ ਹਨ ਅਤੇ ਨਵੇਂ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਦੋ ਲੱਖ ਅਠਾਹਠ ਹਜ਼ਾਰ ਹੈ ਅਤੇ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਦੇ ਪੱਖੋਂ ਨਾਈਜੀਰੀਆ ਨੰਬਰ ਇਕ'ਤੇ ਹੈ, ਫਿਰ ਸੀਰਾਲੀਊਨ ਹੈ, ਫਿਰ ਬੈਨਿਨ ਹੈ , ਫਿਰ ਮਾਲੀ ਹੈ, ਫਿਰ ਕੈਮਰੂਨ ਹੈ, ਫਿਰ ਆਇਵਰੀ ਕੋਸਟ, ਫਿਰ ਸੈਨੇਗਾਲ ਹੈ, ਬੁਰਕੀਨਾ ਫ਼ਾਸੋ ਹੈ, ਗੈਮਬੀਆ ਹੈ, ਗਿਨੀ ਬਸਾਓ ਹੈ, ਫਿਰ ਕੀਨੀਆ ਹੈ, ਤਨਜ਼ਾਨੀਆਂ ਹੈ, ਜ਼ਿਮਬਾਵੇ ਹੈ, ਇਹਨਾ ਨੇ ਸ਼ਲਾਘਾ ਯੋਗ ਕੰਮ ਕੀਤਾ ਹੈ ।

ਭਾਰਤ ਦੇ ਪ੍ਰਾਂਤਾਂ ਦੇ ਪੱਖੋਂ ਨੰਬਰ ਇਕ'ਤੇ ਕੇਰਾਲਾ, ਫਿਰ ਜੰਮੂ ਕਸ਼ਮੀਰ, ਫਿਰ ਤਿਲੰਗਾਨਾ, ਕਰਨਾਟਕਾ, ਫਿਰ ਤਾਮਿਲਨਾਡੂ, ਫਿਰ ਉਡੀਸਾ, ਵੈਸਟ ਬੰਗਾਲ, ਫਿਰ ਪੰਜਾਬ, ਫਿਰ ਉੱਤਰ ਪ੍ਰਦੇਸ਼, ਮਹਾਰਾਸ਼ਟਰ, ਅਤੇ ਵਸੂਲੀ ਦੇ ਪੱਖੋਂ ਭਾਰਤ ਦੀਆਂ ਜੋ ਜਮਾਤਾ ਹਨ ਉਹ ਹਨ ਕਾਲੀਕਟ ਨੰਬਰ ਇਕ'ਤੇ, ਫਿਰ ਹੈਦਰਾਬਾਦ, ਫਿਰ ਪਿਥਮਪੁਰਮ, ਫਿਰ ਕਾਦੀਆਂ, ਫਿਰ ਕੋਲਕਾਤਾ, ਫਿਰ ਬੰਗਲੋਰ, ਫਿਰ ਕਨੂੰਰ ਟਾਊਨ, ਫਿਰ ਪੈਂਗਾਡੀ, ਕਰੋਲਾਈ ਤੇ ਫਿਰ ਕਰੂਨਾਗਾਪੱਲੀ ।

ਜੁਮਏ ਦੇ ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ : ਅਲੱਾਹ ਤਆਲਾ ਸਾਰਿਆਂ ਕੁਰਬਾਨੀ ਕਰਨ ਵਾਲਿਆਂ ਦੇ ਧੰਨ ਮਾਲ ਤੇ ਜੀਆਂ ਵਿੱਚ ਅਤਿਅੰਤ ਬਰਕਤ ਪਾਵੇ, ਉਹਨਾਂ ਦੇ ਇਮਾਨ ਤੇ ਨੇਕੀਆਂ ਵਿੱਚ ਵਾਧਾ ਕਰੇ ਅਤੇ ਹਰ ਇਕ ਆਪਣੀ ਕਹਿਣੀ ਤੇ ਕਰਮ ਵਿੱਚ ਰੱਬ ਦੀ ਰਜ਼ਾ ਅਨੁਸਾਰ ਅਮਲ ਕਰਨ ਵਾਲਾ ਹੋਵੇ ।

**Khulasa Khutba Jumma 05.01.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131